## ਜਮਾਤ : ਅੱਠਵੀਂ

# ਅੱਖੀ ਡਿੱਠਾ ਮੈਚ

**ਸਾਡੀ ਟੀਮ ਦਾ ਮੈਚ ਖੇਡਣ ਜਾਣਾ –** ਸਾਡੇ ਜ਼ਿਲ੍ਹੇ ਵਿਚ ਜ਼ਿਲ੍ਹੇ ਪੱਧਰ ਦੀਆ ਖੇਡਾਂ ਚੱਲ ਰਹੀਆਂ ਸਨ। ਜਿਸ ਵਿਚ ਅੰਡਰ-14 ਕ੍ਰਿਕੇਟ ਦਾ ਫਾਈਨਲ ਮੈਚ ਸਾਡੇ ਸਕੂਲ (ਸਰਕਾਰੀ ਮਿਡਲ ਸਕੂਲ ਪੱਖੀ ਖੁਰਦ) ਦੀ ਟੀਮ ਅਤੇ ਗਲੋਬਲ ਪਬਲਿਕ ਸਕੂਲ, ਫ਼ਰੀਦਕੋਟ ਦੀ ਟੀਮ ਵਿਚਕਾਰ ਖੇਡਿਆ ਜਾਣਾ ਸੀ। ਜਿਸ ਨੂੰ ਵੇਖਣ ਲਈ ਸਾਡੀ ਜਮਾਤ ਮੁੱਖ ਅਧਿਆਪਕ ਤੋਂ ਆਗਿਆ ਲੈ ਕੇ ਫ਼ਰੀਦਕੋਟ ਗਈ।



**ਮੈਦਾਨ ਵਿਚ ਟਾਸ–** ਸਵੇਰੇ 11 ਵਜੇ ਖਿਡਾਰੀ ਖੇਡ ਦੇ ਮੈਦਾਨ ਵਿਚ ਆ ਗਏ। ਅੰਪਾਇਰ ਨੇ ਠੀਕ ਸਮੇਂ ’ਤੇ ਬੁਲਾ ਕੇ ਸਿੱਕਾ ਉਛਾਲ ਕੇ ਟਾਸ ਕਰਵਾਇਆ। ਟਾਸ ਸਾਡੇ ਸਕੂਲ ਦੀ ਟੀਮ ਨੇ ਜਿੱਤਿਆ ਅਤੇ ਪਹਿਲਾਂ ਬੱਲੇਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਵਿਰੋਧੀ ਟੀਮ ਦੇ ਕਪਤਾਨ ਨੇ ਆਪਣੀ ਫੀਲਡਿੰਗ ਲਗਾ ਲਈ।

**ਪਹਿਲੀ ਪਾਰੀ –** ਅੰਪਾਇਰ ਦੇ ਇਸ਼ਾਰੇ ਨਾਲ਼ ਖੇਡ ਆਰੰਭ ਹੋ ਗਈ। ਮੈਚ ਦੇਖਣ ਵਾਲਿਆਂ ਦੀ ਗਿਣਤੀ ਲਗਭਗ 1000 ਸੀ। ਪਹਿਲੇ 5 ਓਵਰ ਸਾਡੀ ਟੀਮ ਨੇ ਬਹੁਤ ਵਧੀਆ ਬੱਲੇਬਾਜ਼ੀ ਕੀਤੀ ਅਤੇ ਬਿਨ੍ਹਾਂ ਵਿਕਟ ਗਵਾਏ 40 ਰਨ ਬਣਾ ਲਏ, ਪਰ ਵਿਰੋਧੀ ਟੀਮ ਦੇ ਗੇਂਦਬਾਜ਼ਾਂ ਨੇ ਚੰਗੀ ਗੇਂਦਬਾਜ਼ੀ ਕਰਦਿਆ ਅਚਾਨਕ ਦੋ ਓਵਰਾਂ ਵਿਚ ਸਾਡੇ 3 ਬੱਲੇਬਾਜ਼ ਆਊਟ ਕਰ ਦਿੱਤੇ। ਉਸ ਤੋਂ ਬਾਅਦ ਕਪਤਾਨ ਨੇ ਪਾਰੀ ਸੰਭਾਲੀ ਅਤੇ ਅੰਤ ਤੱਕ ਨਾਟ-ਆਊਟ ਰਹਿੰਦਿਆਂ ਸਾਡੀ ਟੀਮ ਦਾ ਸਕੋਰ 15 ਓਵਰ ਵਿਚ 120 ਤੱਕ ਪਹੁੰਚਾ ਦਿੱਤਾ।



**ਦੂਜੀ ਪਾਰੀ –** ਵਿਰੋਧੀ ਟੀਮ ਕੋਲ਼ ਚੰਗੇ ਬੱਲੇਬਾਜ ਸਨ। ਉਹਨਾਂ ਦੀ ਸ਼ੁਰੂਆਤ ਬਹੁਤ ਵਧੀਆ ਰਹੀ। ਉਹਨਾਂ ਨੇ ਪਹਿਲੇ 5 ਓਵਰਾਂ ਵਿਚ 1 ਵਿਕਟ ਗੁਆ ਕੇ 50 ਰਨ ਬਣਾਏ। ਜਦੋਂ ਮੈਚ ਸਾਡੇ ਹੱਥਾਂ ਵਿਚੋਂ ਖਿਸਕ ਰਿਹਾ ਸੀ ਤਾਂ ਅਚਾਨਕ ਉਹਨਾਂ ਦਾ ਸਲਾਮੀ ਬੱਲੇਬਾਜ਼ ਰਨ ਆਊਟ ਹੋ ਗਿਆ। ਦਰਸ਼ਕ ਹਰ ਚੰਗੀ ਸ਼ਾਟ ਅਤੇ ਫੀਲਡਿੰਗ ਤੇ ਤਾੜੀਆਂ ਵਜਾ ਰਹੇ ਸਨ। ਇਕ ਵਿਕਟ ਡਿੱਗਣ ਤੋਂ ਬਾਅਦ ਉਹਨਾਂ ਦੀ ਟੀਮ ਸੰਭਲ ਕੇ ਖੇਡਦੀ ਹੋਈ 10 ਓਵਰਾਂ ਵਿਚ 2 ਵਿਕਟਾਂ ਗੁਆ ਕੇ 80 ਦੇ ਸਕੋਰ ’ਤੇ ਪਹੁੰਚ ਗਈ।

**ਮੈਚ ਜਿੱਤਣਾ –** ਮੈਚ ਹੱਥ ਵਿਚੋਂ ਜਾਂਦਾ ਦੇਖ ਕਪਤਾਨ ਨੇ ਤੇਜ਼ ਗੇਦਬਾਜ਼ ਨੂੰ ਓਵਰ ਕਰਨ ਲਈ ਕਿਹਾ। ਜਿਸ ਨੇ ਲਗਾਤਾਰ 3 ਗੇਦਾਂ ’ਤੇ 3 ਵਿਕਟਾਂ ਲੈ ਕੇ ਲਗਭਗ ਹਾਰੇ ਮੈਚ ਵਿਚ ਟੀਮ ਦੀ ਵਾਪਸੀ ਕਰਵਾ ਦਿੱਤੀ। ਉਸ ਤੋਂ ਬਾਅਦ ਵਿਰੋਧੀ ਟੀਮ 15 ਓਵਰਾਂ ਵਿਚ 8 ਵਿਕਟਾਂ ਤੇ 110 ਰਨ ਹੀ ਬਣਾ ਸਕੀ ਅਤੇ ਅਸੀਂ ਮੈਚ ਜਿੱਤ ਗਏ। ਇਹ ਮੈਚ ਜਿੱਤ ਕੇ ਅਸੀਂ ਜ਼ਿਲ੍ਹੇ ਵਿਚੋਂ ਪਹਿਲੇ ਨੰਬਰ ਤੇ ਰਹੇ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ (ਡੀ.ਐੱਮ. ਪੰਜਾਬੀ, ਫ਼ਰੀਦਕੋਟ)**
**9855800683, roopra.gurpreet@gmail.com**